# NovoPen® 4

# ਤੁਹਾਡੇ **NovoPen® 4** 'ਤੇ ਇੱਕ ਝਾਤ



## NovoPen® 4




## ਇਕ ਵਾਰੀ ਵਰਤਣ ਵਾਲੀ ਸੂਈ




## ਪੈੱਨਫਿਲ® ਕਾਟਰੇਜ




# ਵਰਤਣ ਲਈ ਛੋਟੀ **ਕਦਮ-ਦਰ-ਕਦਮ** ਗਾਈਡ

## ਪੈੱਨਫਿਲ® ਕਾਰਟੇਜ ਪਾਓ ਅਤੇ ਸੂਈ ਲਗਾਓ

**ਕਦਮ 1** ਪੈੱਨ ਦੇ ਢੱਕਣ ਨੂੰ ਹਟਾਓ



**ਕਦਮ 2** ਕਾਰਟੇਜ ਪਾਉਣ ਵਾਲੇ ਦਸਤੇ ਨੂੰ ਘੁਮਾ ਕੇ ਲਾਹੋ



**ਕਦਮ 3** ਜੇ ਪਿਸਟਨ ਦੀ ਡੰਡੀ ਬਾਹਰ ਰਹਿ ਜਾਂਦੀ ਹੈ, ਤਾਂ ਇਸ ਨੂੰ ਅੰਦਰ ਨੂੰ ਦਬਾਓ ਜਦੋਂ ਤੱਕ ਇਹ ਰੁੱਕ ਨਹੀਂ ਜਾਂਦੀ



**ਕਦਮ 4** ਕਾਰਟੇਜ ਨੂੰ ਪਾਓ, ਚੂੜੀ ਵਾਲਾ ਪਾਸਾ ਪਹਿਲਾਂ ਪਾਓ



**ਕਦਮ 5** ਕਾਰਟੇਜ ਪਾਉਣ ਵਾਲੇ ਦਸਤੇ ਨੂੰ ਘੁਮਾ ਕੇ ਵਾਪਸ ਪਾਓ ਜਦੋਂ ਤੱਕ ਤੁਸੀਂ ਕਲਿੱਕ ਨਹੀਂ ਸੁਣਦੇ ਜਾਂ ਮਹਿਸੂਸ ਨਹੀਂ ਕਰਦੇ



**ਕਦਮ 6** ਨਵੀਂ ਸੂਈ ਤੋਂ ਕਾਗਜ਼ ਦੇ ਟੈਬ ਨੂੰ ਹਟਾਓ ਅਤੇ ਸੂਈ ਨੂੰ ਸਿੱਧਾ ਪੈੱਨ 'ਤੇ ਦਬਾ ਕੇ ਪਾਓ



**ਕਦਮ 7** ਸੂਈ ਦੇ ਬਾਹਰੀ ਅਤੇ ਅੰਦਰੂਨੀ ਢੱਕਣਾਂ ਨੂੰ ਹਟਾਓ। ਸੂਈ ਨੂੰ ਸੁਰੱਖਿਅਤ ਤਰੀਕੇ ਨਾਲ ਸੁੱਟਣ ਲਈ ਇਸਦੇ ਬਾਹਰੀ ਢੱਕਣ ਨੂੰ ਕੋਲ ਰੱਖੋ



***ਆਪਣੇ NovoPen® 4 ਦੀ ਵਰਤੋਂ ਕਿਵੇਂ ਕਰਨੀ ਹੈ, ਇਸ ਦੀ ਪੂਰੀ ਵਿਆਖਿਆ ਵਾਸਤੇ, ਕਿਰਪਾ ਕਰਕੇ ਤੁਹਾਡੇ ਪੈੱਨ ਦੇ ਨਾਲ ਆਈਆਂ ਵਰਤੋਂ ਵਾਲੀਆਂ ਹਦਾਇਤਾਂ ਪੜ੍ਹੋ। ਕਿਰਪਾ ਕਰਕੇ ਮਹੱਤਵਪੂਰਨ ਸੁਰੱਖਿਆ ਜਾਣਕਾਰੀ ਵਾਸਤੇ ਸਫ਼ਾ ਪਰਤੋ।***

novo nordisk®

## ਪੈੱਨਫਿਲ® ਕਾਰਟੇਜ ਪਾਉਣ ਤੋਂ ਬਾਅਦ ਇਨਸੁਲਿਨ ਦੇ ਪ੍ਰਵਾਹ ਦੀ ਹਮੇਸ਼ਾ ਜਾਂਚ ਕਰੋ

**ਕਦਮ 1** ਪਿਸਟਨ ਵਾਲੀ ਡੰਡੀ ਦੇ ਸਿਰ ਅਤੇ ਪਿਸਟਨ ਵਿਚਕਾਰ ਕਿਸੇ ਵੀ ਪਾੜੇ, ਅਤੇ ਹਵਾ ਦੇ ਕਿਸੇ ਬੁਲਬੁਲੇ ਨੂੰ ਹਟਾਓ।

**ਕਦਮ 2** ਖੁਰਾਕ ਵਾਲੇ ਬਟਨ ਨੂੰ ਬਾਹਰ ਕੱਢੋ ਅਤੇ **2 ਯੂਨਿਟਾਂ** ਦੀ ਚੋਣ ਕਰੋ।

**ਕਦਮ 3** ਖੁਰਾਕ ਵਾਲੇ ਬਟਨ ਨੂੰ ਉਦੋਂ ਤੱਕ ਦਬਾਓ ਜਦੋਂ ਤੱਕ ਖੁਰਾਕ ਦੀ ਗਿਣਤੀ **'0'** ਨਹੀਂ ਦਿਖਾਉਂਦੀ।

***ਜੇ ਕੋਈ ਇਨਸੁਲਿਨ ਦਿਖਾਈ ਨਹੀਂ ਦਿੰਦੀ ਜਾਂ ਕੋਈ ਪਾੜਾ ਹੈ, ਕਦਮ 1–3 ਨੂੰ ਉਦੋਂ ਤੱਕ ਦੁਹਰਾਓ ਜਦੋਂ ਤੱਕ ਪੈੱਨ ਵਰਤੋਂ ਲਈ ਤਿਆਰ ਨਹੀਂ ਹੋ ਜਾਂਦਾ।***







***ਜੇ ਤੁਸੀਂ ਇਨਸੁਲਿਨ ਦੇ ਪ੍ਰਵਾਹ ਦੀ ਜਾਂਚ ਨਹੀਂ ਕਰਦੇ ਹੋ ਤਾਂ ਹੋ ਸਕਦਾ ਹੈ ਤੁਹਾਨੂੰ ਆਪਣੀ ਇਨਸੁਲਿਨ ਦੀ ਪੂਰੀ ਖੁਰਾਕ ਨਾ ਮਿਲੇ।***

## ਆਪਣੀ ਇਨਸੁਲਿਨ ਦਾ ਟੀਕਾ ਲਗਾਓ

**ਕਦਮ 1** ਖੁਰਾਕ ਦੀ ਗਿਣਤੀ ਨੂੰ **0** 'ਤੇ ਰੱਖ ਕੇ, ਖੁਰਾਕ ਵਾਲੇ ਬਟਨ ਨੂੰ ਬਾਹਰ ਖਿੱਚੋ ਅਤੇ ਉਨੀਆਂ ਯੂਨਿਟਾਂ ਨੂੰ ਚੁਣੋ ਜਿੰਨ੍ਹਾਂ ਦਾ ਤੁਸੀਂ ਟੀਕਾ ਲਗਾਉਣਾ ਚਾਹੁੰਦੇ ਹੋ।




**ਕਦਮ 2** ਸੂਈ ਨੂੰ ਆਪਣੇ ਸਰੀਰ ਵਿੱਚ ਲਗਾਓ ਅਤੇ ਖੁਰਾਕ ਵਾਲੇ ਬਟਨ ਨੂੰ ਉਦੋਂ ਤੱਕ ਦਬਾਓ ਜਦੋਂ ਤੱਕ ਖੁਰਾਕ ਦੀ ਗਿਣਤੀ **0** ਨਹੀਂ ਦਿਖਾਉਂਦੀ। ਸੂਈ ਨੂੰ ਹਟਾਉਣ ਤੋਂ ਪਹਿਲਾਂ ਹੌਲੀ ਹੌਲੀ **6** ਤੱਕ ਗਿਣੋ।




***ਸੂਈ ਨੂੰ ਸੁਰੱਖਿਅਤ ਤਰੀਕੇ ਨਾਲ ਹਟਾਓ ਅਤੇ ਧਿਆਨ ਨਾਲ ਸੁੱਟੋ ਅਤੇ ਪੈੱਨ ਦੇ ਢੱਕਣ ਨੂੰ ਵਾਪਸ ਲਗਾਓ।***

## ਟੀਕਾ ਲਗਾਉਣ ਵਾਲੀਆਂ ਥਾਵਾਂ

ਟੀਕੇ ਵਾਲੀਆਂ ਮੁੱਖ ਥਾਵਾਂ ਪੱਟ, ਪੇਟ, ਚਿੱਤੜ ਜਾਂ ਡੌਲਿਆਂ ਦਾ ਪਿਛਲਾ ਪਾਸਾ ਹੁੰਦਾ ਹੈ। ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ ਕਿ ਤੁਹਾਡੇ ਵਾਸਤੇ ਕਿਹੜੀਆਂ ਥਾਵਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਆਪਣੀ ਸਿਫਾਰਸ਼ ਕੀਤੀ ਟੀਕੇ ਵਾਲੀ ਥਾਂ 'ਤੇ ਨਿਸ਼ਾਨ ਲਗਾਓ



ਆਰਾਮ ਨੂੰ ਵਧਾਉਣ ਲਈ, ਯਕੀਨੀ ਬਣਾਓ ਕਿ ਤੁਸੀਂ ਹਰੇਕ ਟੀਕਾ ਲਗਾਉਣ ਲਈ ਵੱਖਰੀ ਜਗ੍ਹਾ ਦੀ ਚੋਣ ਕਰਦੇ ਹੋ।

- ਟੀਕੇ ਵਾਲੀਆਂ ਥਾਵਾਂ ਨੂੰ ਅੱਧਿਆਂ ਜਾਂ ਚੁਥਾਈਆਂ ਵਿੱਚ ਵੰਡੋ ਅਤੇ ਹਰ ਹਫ਼ਤੇ ਵੱਖਰੇ ਅੱਧ/ਚੌਥਾਈ ਦੀ ਵਰਤੋਂ ਕਰੋ।
- ਹਰੇਕ ਅੱਧ ਜਾਂ ਚੁਥਾਈ ਵਿੱਚ, ਟੀਕੇ ਦੀ ਜਗ੍ਹਾ ਨੂੰ ਆਖਰੀ ਟੀਕੇ ਵਾਲੀ ਜਗ੍ਹਾ ਤੋਂ ਉਂਗਲ ਦੀ ਚੌੜਾਈ ਨਾਲ ਘੜੀ ਵਾਰ ਘੁਮਾਓ।



## ਹੋਰ ਜਾਣਕਾਰੀ ਜਾਂ ਸਹਾਇਤਾ ਵਾਸਤੇ

ਇਸ ਬਾਰੇ ਸਵਾਲ ਕਿ ਤੁਹਾਡੇ ਪੈੱਨ ਦੀ ਵਰਤੋਂ ਕਿਵੇਂ ਕਰਨੀ ਹੈ, ਜਾਂ ਕੋਈ ਤਕਨੀਕੀ ਮੁੱਦੇ? ਨੋਵੋ ਨੋਰਡਿਸਕ ਡਾਕਟਰੀ ਜਾਣਕਾਰੀ ਨੂੰ ਫ਼ੋਨ ਕਰੋ – **1800 668 626**

NovoPen®4

ਨੋਵੋ ਨੋਰਡਿਸਕ ਫਾਰਮਾਸਿਊਟੀਕਲਜ਼ ਪ੍ਰਾਈਵੇਟ ਲਿਮਟਿਡ। Level 10, 118 Mount Street, North Sydney NSW 2060.
ABN 40 002 879 996. ਨੋਵੋ ਨੋਰਡਿਸਕ® ਮੈਡੀਕਲ ਜਾਣਕਾਰੀ (ਆਸਟ੍ਰੇਲੀਆ) 1800 668 626. www.novonordisk.com.au.
® ਨੋਵੋ ਨੋਰਡਿਸਕ ਦਾ ਰਜਿਸਟਰਡ ਟ੍ਰੇਡਮਾਰਕ A/S. NONOOY0148. AU24NP400015. ਅਕਤੂਬਰ 2024.

MADE FROM RECYCLED MATERIALS 100% RECYCLABLE NOVONORDISK.COM.AU/IMPACT

novo nordisk®